# ਘੁੱਗੀ ਤੇ ਆਜੜੀ

ਇੱਕ ਵਾਰ ਇੱਕ ਘੁੱਗੀ ਇੱਕ ਟਾਹਲੀ ਉੱਪਰ ਰਹਿੰਦੀ ਸੀ ।
ਘੁੱਗੀ ਨੇ ਛੋਟਾ ਜਿਹਾ ਆਲਣਾ ਪਾਇਆ ਹੋਇਆ ਸੀ ।
ਉੱਸ ਆਲਣੇ ਵਿੱਚ ਉਸਦੇ ਛੋਟੇ-ਛੋਟੇ ਦੋ ਬੱਚੇ ਰਹਿੰਦੇ ਸੀ ।
ਘੁੱਗੀ ਨੇ ਦੋ ਹੀ ਬੱਚੇ ਬਣਾਏ ਸੀ ।
ਕਿਉਂਕਿ ਘੁੱਗੀ ਵਿਸਵਾਸ ਰੱਖਦੀ ਸੀ:
"ਦੋ ਹੀ ਕਾਫੀ ਹੋਰ ਤੋ ਮੁਆਫੀ" ।

ਇੱਕ ਦਿੱਨ ਘੁੱਗੀ ਬਿਮਾਰ ਹੋ ਗਈ,
ਬੱਚਿਆ ਨੂੰ ਖਾਣ ਲਈ ਚੋਗਾ ਲੈਣ ਨਾ ਜਾ ਸੱਕੀ ।
ਸ਼ਾਮ ਨੂੰ ਛੋਟੇ-ਛੋਟੇ ਬੱਚੇ ਰੋਣ ਲੱਗ ਪਏ ।
ਫਿਰ ਘੁੱਗੀ ਵਚਾਰੀ ਸ਼ਾਮ ਨੂੰ ਚੋਗਾ ਚੁਗਣ ਲਈ ਨਿਕਲ ਪਈ ।
***(ਜੇ USA ਚ' ਹੁੰਦੀ ਤਾ Pizza-Order ਕਰ ਦਿੰਦੀ)***

ਘੁੱਗੀ ਚੋਗਾ-ਚੁਗ ਕੇ ਵਾਪਸ ਆ ਰਹੀ ਸੀ ।
ਰਾਸਤੇ ਵਿੱਚ ਉਸਨੂੰ ਇਕ ਆਜੜੀ ਮਿਲਿਆ ।
ਆਜੜੀ ਆਪਣੀਆ ਭੇਡਾ-ਬੱਕਰੀਆ ਘਰ ਨੂੰ ਲਿਆ ਰਿਹਾ ਸੀ ।
ਆਜੜੀ ਨੇ ਵਿਚਾਰੀ ਘੁੱਗੀ ਨੂੰ ਫੜ ਲਿਆ ।

ਆਜੜੀ ਘੁੱਗੀ ਨੂੰ ਫੜ ਕੇ ਗੀਤ ਗਾਉਣ ਲੱਗਾ ।
"ਘੁੱਗੀਏ-ਘੁੱਗੀਏ ਮੈ ਤੈਨੂੰ ਭੇਡਾ-ਬੱਕਰੀਆ ਵਾਲੇ ਵਾੜੇ ਚ ਲਜਾਊਗਾ ।
ਫਿਰ ਤੈਨੂੰ ਚਾਕੂ ਨਾਲ ਕੱਟ ਕੇ ਨਮਕ-ਮਸਾਲਾ ਪਾਊਗਾ ।
ਫਿਰ ਤੈਨੂੰ ਇੱਕ ਬੜੇ ਪਤੀਲੇ ਵਿਚ ਤੱੜਕਾ ਲਗਾਊਗਾ ।
ਘੁੱਗੀਏ-ਘੁੱਗੀਏ ਮੈ ਤੈਨੂੰ ਬੜੇ ਚਾਵਾ ਨਾਲ ਅੱਜ ਖਾਊਗਾ ।"

ਵਿਚਾਰੀ ਘੁੱਗੀ ਬਹੁਤ ਡਰ ਗਈ ਅਤੇ ਸਹਿਮ ਗਈ ।
ਫਿਰ ਘੁੱਗੀ ਨੇ ਆਜੜੀ ਦੀਆ ਬਹੁਤ ਮਿੰਨਤਾ ਕੀਤੀਆ ਕਿ ਮੈਨੂੰ ਛੱਡਦੇ ।
ਪਰ ਆਜੜੀ ਨੇ ਉਸ ਦੀ ਇਕ ਵੀ ਨਹੀ ਸੁਣੀ ।

ਵਿਚਾਰੀ ਘੁੱਗੀ ਨੇ ਲੱਤਾ-ਬਾਹਾ ਵੀ ਬਹੁਤ ਮਾਰੀਆ । (ਝੂਠ! ਘੁੱਗੀ ਦੀਆ ਬਾਹਾ ਤਾ ਹੁੰਦੀਆ ਨਹੀ)
ਪਰ ਆਜੜੀ ਨੇ ਉਸ ਘੁੱਗੀ ਨੂੰ ਨਹੀ ਛੱਡਿਆ ।

ਫਿਰ ਘੁੱਗੀ ਨੂੰ ਆਪਣੇ ਬੱਚਿਆ ਦੀ ਯਾਦ ਆਈ ।
ਘੁੱਗੀ ਨੇ ਗੀਤ ਗਉਣਾ ਸੁਰੂ ਕੀਤਾ ।
"ਲੱਕ ਟੁਣੂ-ਟੁਣੂ, ਲੱਕ ਟੁਣੂ-ਟੁਣੂ ।
ਟਾਹਲੀ ਮੇਰੇ ਬੱਚੜੇ, ਲੱਕ ਟੁਣੂ-ਟੁਣੂ ।
ਮੀਹ ਪਊ ਗੱਲ ਜਾਣਗੇ, ਲੱਕ ਟੁਣੂ-ਟੁਣੂ।
ਧੁਪ ਪਊ ਸੱੜ ਜਾਣਦੇ, ਲੱਕ ਟੁਣੂ-ਟੁਣੂ ।
ਭੁੱਖ ਲੱਗੂ ਮੱਰ ਜਾਣਗੇ, ਲੱਕ ਟੁਣੂ-ਟੁਣੂ ।
ਲੱਕ ਟੁਣੂ-ਟੁਣੂ, ਲੱਕ ਟੁਣੂ-ਟੁਣੂ ।"

ਫਿਰ ਆਜੜੀ ਨੂੰ ਘੁੱਗੀ ਤੇ ਤੱਰਸ ਆ ਗਿਆ ।
ਫਿਰ ਆਜੜੀ ਨੇ ਘੁੱਗੀ ਨੂੰ ਛੱਡ ਦਿਤਾ ।
ਤੇ ਘੁੱਗੀ ਫੁਰ-ਫੁਰ ਕਰਕੇ ਉੱਡ ਗਈ ।

ਫਿਰ ਘੁੱਗੀ ਨੇ ਆਲਣੇ ਵਿਚ ਜਾ ਕੇ ਬੱਚਿਆ ਨੂੰ ਚੋਗਾ ਦਿਤਾ ।
ਨਾਲ-ਨਾਲ ਘੁੱਗੀ ਨੇ ਬੱਚਿਆ ਨੂੰ ਹੱਡ ਬੀਤੀ ਵੀ ਸੁਣਾਈ ।

ਸਿਟਾ ਮੱਕੀ ਦਾ : ਸ਼ਾਮ ਨੂੰ ਲੇਟ ਘਰੋ ਬਾਹਰ ਨਹੀ ਜਾਣਾ ਚਾਹੀਦਾ ।
ਸਿਟਾ ਕੱਣਕ ਦਾ : ਗਾਣਾ ਆਏ ਤੋ ਗਾਣਾ ਜਰੂਰ ਚਾਹੀਦਾ ।
ਸਿਟਾ ਬਾਜਰੇ ਦਾ : ਛੋਟਾ ਪਰਵਾਰ ਸੁਖੀ ਪਰਵਾਰ ।

ਲ਼ੋਰੀਆ: ਪੁਤਰਾ ਉੱਹ ਪੁਤਰਾ - ਜਿਆਦਾ ਰਿਹਾੜ ਨਹੀ ਕਰੀਦੀ ।
ਟਾਈਮ ਨਾਲ ਸੌ ਜਾਈਦਾ - ਦੂਜਿਆ ਦੀ ਨੀਦ ਖਰਾਬ ਨਹੀ ਕਰੀਦੀ ।

ਸਾਡੀ ਮੁਕ ਗਈ ਬਾਤ, ਉਤੋ ਪੈ ਗਈ ਰਾਤ ।
ਸ਼ੌ ਜਾਹ ਪੁਤ ਹੁਣ, ਜਿਆਦਾ ਰਿਹਾੜ ਨਹੀ ਕਰੀਦੀ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Updated: June 24, 2007**